# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 12 ਸਤੰਬਰ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿਚ ਦੌਲਤਪੁਰ ਵਾਸੀਆਂ ਵੱਲੋਂ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਦੀ ਯਾਦ 'ਚ ਸ਼ਹੀਦੀ ਸਮਾਗਮ

ਹਰਦਮ ਮਾਨ



ਸਰੀ, 12 ਸਤੰਬਰ : ਕੈਨੇਡਾ ਰਹਿੰਦੀ ਪਿੰਡ ਦੌਲਤਪੁਰ ਦੀ ਸਮੂਹ ਸੰਗਤ ਵੱਲੋਂ ਬੀਤੇ ਦਿਨੀਂ ਸ਼ਹੀਦ ਬਬਰ ਕਰਮ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਯਾਦ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਅਤੇ ਇਤਿਹਾਸਿਕ ਵਿਚਾਰਾਂ ਹੋਈਆਂ, ਜਿਸ ਦੌਰਾਨ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜਰੀ ਲਵਾਈ ਅਤੇ ਬਬਰ ਅਕਾਲੀ ਯੋਧਿਆਂ ਨੂੰ ਯਾਦ ਕੀਤਾ।

ਇਸ ਮੌਕੇ 'ਤੇ ਬੋਲਦਿਆਂ ਡਾ. ਗੁਰਵਿੰਦਰ ਸਿੰਘ ਨੇ ਬਬਰ ਅਕਾਲੀ ਲਹਿਰ ਤੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਅਤੇ ਉਹਨਾਂ ਦੇ ਸਾਥੀਆਂ ਦੇ ਸੰਘਰਸ਼ ਬਾਰੇ ਇਤਿਹਾਸਕ ਪੰਨਿਆਂ 'ਚੋਂ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ 102 ਸਾਲ ਪਹਿਲਾਂ ਐਬਸਫੋਰਡ, ਕੈਨੇਡਾ ਤੋਂ ਪੰਜਾਬ ਜਾ ਕੇ ਸ਼ਹੀਦ ਹੋਣ ਵਾਲੇ ਮਹਾਨ ਯੋਧੇ ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ 'ਚੀਫ਼ ਐਡੀਟਰ' 'ਬਬਰ ਅਕਾਲੀ ਲਹਿਰ' ਦੀ ਜਿੰਦ-ਜਾਨ ਸਨ ਅਤੇ ਇਸ ਜਥੇਬੰਦੀ ਨੂੰ 'ਬਬਰ ਅਕਾਲੀ' ਨਾਂ ਵੀ ਉਹਨਾਂ ਦੀ ਹੀ ਦੇਣ ਹੈ।

ਉਹਨਾਂ ਦੱਸਿਆ ਕਿ ਭਾਈ ਕਰਮ ਸਿੰਘ, ਉਹਨਾਂ ਦੇ ਭਰਾ ਭਾਈ ਸਿੰਘ ਥਾਂਦੀ ਤੇ ਪੇਂਡੂ ਭਾਈ ਸੁੰਦਰ ਸਿੰਘ ਥਾਂਦੀ ਦੀ ਪੌਣੇ ਕੁ ਚਾਰ ਏਕੜ ਦੇ ਕਰੀਬ ਸਾਂਝੀ ਜ਼ਮੀਨ ਐਬਸਫੋਰਡ ਸ਼ਹਿਰ ਵਿਚ ਸਾਊਥ ਫਰੇਜ਼ਰ ਵੇਅ 'ਤੇ ਸੀ। ਉਹਨਾਂ ਇਹ ਜ਼ਮੀਨ ਸਿੱਖ ਕੌਮ ਅਤੇ ਗੁਰਦੁਆਰਾ ਸਾਹਿਬ ਲਈ ਭੇਟ ਕਰਦਿਆਂ ਸਮੂਹ ਭਾਈਆਂ ਨੂੰ ਕਿਹਾ ਕਿ ਜੇਕਰ ਉਹ ਵਤਨ ਜਾ ਕੇ ਸ਼ਹੀਦੀ ਪਾ ਗਏ, ਤਾਂ ਉਨ੍ਹਾਂ ਦੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਉਸਾਰ ਦਿੱਤਾ ਜਾਵੇ।

ਬਬਰ ਅਕਾਲੀ ਲਹਿਰ ਦੇ ਨਾਇਕ ਭਾਈ ਕਰਮ ਸਿੰਘ ਬਬਰ ਨੇ ਪੰਜਾਬ ਜਾ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਇਨਕਲਾਬੀ ਸੰਘਰਸ਼ ਕਰਦਿਆਂ, 1 ਸਤੰਬਰ 1923 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਬੇਲੀ ਵਿਖੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋ ਗਏ। ਉਹਨਾਂ ਨਾਲ ਭਾਈ ਮਹਿੰਦਰ ਸਿੰਘ ਪੰਡੋਰੀ, ਭਾਈ ਗੰਗਾ ਸਿੰਘ, ਭਾਈ ਉਦੇ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਭਾਈ ਬਿਸ਼ਨ ਸਿੰਘ ਮਾਂਗਟ ਨੇ ਵੀ ਸ਼ਹੀਦੀਆਂ ਪਾਈਆਂ। ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਚੌਂਤਾਂ ਸਾਹਿਬ, ਇਹਨਾਂ ਬਬਰ ਅਕਾਲੀ ਯੋਧਿਆਂ ਦਾ ਸ਼ਹੀਦੀ ਅਸਥਾਨ ਹੈ।

ਉਹਨਾਂ ਦੀ ਇੱਛਾ ਅਨੁਸਾਰ, ਉਹਨਾਂ ਦੀ ਅਤੇ ਥਾਂਦੀ ਭਰਾਵਾਂ ਦੀ ਜ਼ਮੀਨ 'ਤੇ ਐਬਸਫੋਰਡ ਵਿਖੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸੰਨ 1982 ਵਿੱਚ ਉਸਾਰਿਆ ਗਿਆ ਹੈ। ਦੌਲਤਪੁਰ ਵਾਸੀਆਂ ਵੱਲੋਂ ਇਸ ਮੌਕੇ 'ਤੇ ਡਾ. ਗੁਰਵਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

## ਪ੍ਰਸਿੱਧ ਲੇਖਕ ਸਾਧੂ ਸਿੰਘ ਚਮੇਲੀ ਦੀ ਪੁਸਤਕ " ਕਾਵਿ ਸੁਨੇਹੇ " ਲੋਕ ਅਰਪਣ

ਧਰਮ ਪ੍ਰਵਾਨਾਂ




ਫ਼ਰੀਦਕੋਟ 12 ਸਤੰਬਰ : ਪੰਜਾਬੀ ਸਾਹਿਤ ਸਭਾ ਰਜ਼ਿ ਫ਼ਰੀਦਕੋਟ ਵੱਲੋ ਸਭਾ ਦੇ ਪ੍ਰਸਿੱਧ ਕਵੀ ਸਾਧੂ ਸਿੰਘ ਚਮੇਲੀ ਦੀ ਪਲੇਠੀ ਪੁਸਤਕ "ਕਾਵਿ ਸੁਨੇਹੇ" ਲੋਕ ਅਰਪਣ ਸਮਾਗਮ ਸਥਾਨਕ ਪੈਨਸ਼ਨ ਭਵਨ ਨਜ਼ਦੀਕ ਹੁੱਕੀ ਵਾਲਾ ਚੌਂਕ ਫ਼ਰੀਦਕੋਟ ਕਰਵਾਇਆ ਗਿਆ । ਸਮਾਗਮ ਦੀ ਪ੍ਰਧਾਨਗੀ ਸਭਾ ਦੇ ਮੁੱਖ ਸਰਪ੍ਰਸਤ ਪ੍ਰਸਿੱਧ ਸ਼ਾਇਰ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਕਰਨਲ ਬਲਬੀਰ ਸਿੰਘ ਸਰਾਂ, ਪ੍ਰੋ: ਪਾਲ ਸਿੰਘ ਪਾਲ, ਸਾਧੂ ਸਿੰਘ ਚਮੇਲੀ, ਆਦਿ ਸੁਸ਼ੋਭਿਤ ਹੋਏ। ਮੰਚ ਸੰਚਾਲਨ ਪ੍ਰਸਿੱਧ ਲੇਖਕ ਇਕਬਾਲ ਘਾਰੂ ਨੇ ਕੀਤਾ। ਸਮਾਗਮ ਦੇ ਸ਼ੁਰੂ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਕਾਰਣ ਹੋਏ ਭਾਰੀ ਨੁਕਸਾਨ ਤੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਅਕਾਲ ਪੁਰਖ ਅੱਗੇ ਚੰਗੇ ਦਿਨਾਂ ਦੀ ਅਰਦਾਸ

ਕੀਤੀ ਅਤੇ ਪੈਨਸ਼ਨਰਜ਼ ਭਵਨ ਫ਼ਰੀਦਕੋਟ ਦੇ ਇੱਕ ਸਰਗਰਮ ਮੈਂਬਰ ਸ੍ਰੀ ਦੇਵ ਕ੍ਰਿਸ਼ਨ ਜੀ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। ਉਸ ਤੋਂ ਬਾਅਦ ਹਾਜ਼ਰ ਲੇਖਕਾਂ ਜਿਨ੍ਹਾਂ ਵਿੱਚ ਸੁਰਿੰਦਰਪਾਲ ਸ਼ਰਮਾ ਭਲੂਰ, ਇੰਜ: ਦਰਸ਼ਨ ਸਿੰਘ ਰੋਮਾਣਾ, ਵਤਨਵੀਰ ਜ਼ਖਮੀ, ਜੋਗਿੰਦਰ ਸਿੰਘ ਸਿੱਧੂ, ਹਰਸੰਗੀਤ ਸਿੰਘ ਗਿੱਲ, ਜਗਦੀਸ਼ ਸਿੰਘ, ਧਰਮ ਪ੍ਰਵਾਨਾ, ਗੁਰਤੇਜ ਪੱਖੀ ਕਲਾਂ, ਸਤਪਾਲ ਸਿੰਘ ਸੋਹਲ, ਪ੍ਰਿੰਸੀਪਲ ਨਵਰਾਹੀ ਘੁਗਿਆਣਵੀ , ਪ੍ਰੋਫੈਸਰ ਪਾਲ ਸਿੰਘ ਪਾਲ, ਰਛਪਾਲ ਸਿੰਘ ਮਾਨ, ਪਰਮਜੀਤ ਸਿੰਘ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ , ਬਲਬੀਰ ਸਿੰਘ ਧੀਰ, ਬਲਵੰਤ ਰਾਏ ਗੱਖੜ, ਨੇਕ ਸਿੰਘ ਮਾਹੀ, ਜਤਿੰਦਰਪਾਲ ਟੈਕਨੋ, ਸੁਖਚੈਨ ਥਾਂਦੇਵਾਲਾ, ਰਾਮ ਪ੍ਰਤਾਪ ਅਗਨੀਹੋਤਰੀ, ਪ੍ਰਿਥੀਪਾਲ ਸਿੰਘ ਚਮੇਲੀ, ਦਿਲਬਾਗ ਸਿੰਘ ਚਮੇਲੀ,ਸੁਮੀਤ ਸਿੰਘ , ਕੁਲਵਿੰਦਰ ਸਿੰਘ,, ਇੰਦਰਜੀਤ ਸਿੰਘ ਖੀਵਾ, ਮੁਖਤਿਆਰ ਸਿੰਘ ਵੰਗੜ ਨੇ ਆਪੋਂ ਆਪਣੀਆਂ ਰਚਨਾਵਾਂ ਸੁਣਾਈਆਂ। ਲੇਖਕ ਲਾਲ ਸਿੰਘ ਕਲਸੀ ਨੇ ਲੇਖਕ ਸਾਧੂ ਸਿੰਘ ਚਮੇਲੀ ਦੀ ਪੁਸਤਕ " ਕਾਵਿ ਸੁਨੇਹੇ " ਤੇ ਪਰਚਾ ਪੜ੍ਹਿਆ। ਇਸ ਕਿਤਾਬ ਦੇ ਪ੍ਰਕਾਸ਼ਕ ਕਰਨਲ ਬਲਬੀਰ ਸਿੰਘ ਸਰਾਂ ਨੇ ਪੁਸਤਕ " ਕਾਵਿ ਸੁਨੇਹੇ " ਦੀ ਪ੍ਰਕਾਸ਼ਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਸਮੇਂ ਚਮੇਲੀ ਪਿੰਡ ਤੋਂ ਆਏ ਸਾਧੂ ਸਿੰਘ ਚਮੇਲੀ ਦੇ ਭੈਣ ਭਰਾਵਾਂ , ਬੱਚਿਆਂ ਅਤੇ ਹੋਰ ਸਾਕ ਸੰਬੰਧੀਆਂ ਨਾਲ ਇੱਕ ਯਾਦਗਾਰੀ ਤਸਵੀਰ ਸਾਂਝੀ ਕੀਤੀ ਗਈ। ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਵੱਲੋਂ ਹੀ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਦੀ ਪੁਸਤਕ " ਮਾਹੌਲ " ਤੇ 14 ਸਤੰਬਰ 2025 ਨੂੰ ਕਰਵਾਈ ਜਾ ਰਹੀ ਗੋਸ਼ਟੀ ਤੇ ਸਭ ਨੂੰ ਆਉਣ ਦਾ ਸੱਦਾ ਦਿੱਤਾ ਜੋ ਕਿ ਸੰਗਤ ਸਿੰਘ ਭਾਈ ਫੇਰੂ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸਾਹਮਣੇ ਕੋਤਵਾਲੀ ਫਰੀਦਕੋਟ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗੀ।

## ਜੋਨ ਖੇਡਾਂ 'ਚ ਗੁਰੂ ਨਾਨਕ ਮਿਸ਼ਨ ਸਕੂਲ ਦੀਆਂ ਸ਼ਾਨਦਾਰ ਜਿੱਤਾਂ : ਪ੍ਰਿੰਸੀਪਲ ਸੰਦੀਪ ਕੁਮਾਰ

ਟਿੰਕੂ ਕੁਮਾਰ



ਕੋਟਕਪੂਰਾ, 12 ਸਤੰਬਰ : ਜਿਲ੍ਹਾ ਸਿੱਖਿਆ ਅਫਸਰ ਫਰੀਦਕੋਟ ਅਤੇ ਕੋ-ਆਰਡੀਨੈਟਰ ਮੈਡਮ ਕੇਵਲ ਕੌਰ ਦੀ ਨਿਗਰਾਨੀ ਹੇਠ ਪੰਜਗਰਾਈ ਕਲਾਂ ਜੋਨ ਦੀਆਂ ਖੇਡਾਂ ਸਫਲਤਾਪੂਰਵਕ ਸੰਪੰਨ ਹੋ ਗਈਆਂ। ਜਿਸ ਵਿੱਚ ਗੁਰੂ ਨਾਨਕ ਦੇਵ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਪੰਜਗਰਾਈ ਕਲਾਂ ਨੇ ਵੱਖ-ਵੱਖ ਖੇਡਾਂ ਵਿੱਚ ਜਿੱਤ ਹਾਸਲ ਕਰਕੇ ਆਪਣੀ ਜਗਾ ਬਣਾਈ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸੰਦੀਪ ਕੁਮਾਰ ਨੇ ਦੱਸਿਆ ਕਿ ਜੁਡੋ ਅੰਡਰ-14,17,19 (ਲੜਕੀਆਂ) ਪਹਿਲਾ ਸਥਾਨ, ਜੁਡੋ ਅੰਡਰ-17



(ਲੜਕੇ) ਪਹਿਲਾ ਸਥਾਨ, ਜੁਡੋ ਅੰਡਰ-14 (ਲੜਕੇ) ਦੂਜਾ ਸਥਾਨ ਵਾਲੀਬਾਲ ਅੰਡਰ-17,19 (ਲੜਕੇ) ਪਹਿਲਾ ਸਥਾਨ, ਬੈਡਮਿੰਟਨ ਅੰਡਰ-17, ਪਹਿਲਾ ਸਥਾਨ, ਚੈੱਸ ਅੰਡਰ-14,17 ਲੜਕੀਆਂ ਨੇ ਪਹਿਲਾ ਸਥਾਨ ਅਤੇ ਚੈੱਸ ਅੰਡਰ-14 (ਲੜਕੇ) ਪਹਿਲਾ ਸਥਾਨ ਅਤੇ ਅੰਡਰ 19 ਵਾਲੇ ਦੂਜਾ ਸਥਾਨ, ਪਾਵਰ ਲਿਫ਼ਟਿੰਗ (ਲੜਕੇ) ਅੰਡਰ 17 ਵਾਲੇ ਪਹਿਲਾ ਸਥਾਨ ਹਾਸਲ ਕਰਕੇ ਖਿਡਾਰੀਆਂ ਨੇ ਆਪਣੇ ਸਕੂਲ ਦਾ ਅਤੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ ਅਤੇ ਸਕੂਲ ਪ੍ਰਿੰਸੀਪਲ ਸੰਦੀਪ ਕੁਮਾਰ ਨੇ ਵਧਾਈ ਦਿੰਦਿਆਂ ਕਿਹਾ ਇਸੇ ਤਰਾਂ ਜਿਲ੍ਹੇ ਵਿੱਚ ਵੀ ਖਿਡਾਰੀ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸਨ ਕਰਨਗੇ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮੈਡਮ ਹਰਦੀਪ ਕੌਰ, ਨਵਪ੍ਰੀਤ, ਅਮਨਦੀਪ, ਪ੍ਰਦੀਪ ਕੁਮਾਰ, ਸੁਖਜਿੰਦਰ ਸਿੰਘ ਅਤੇ ਸਮੂਹ ਸਟਾਫ ਵੀ ਹਾਜਰ ਸਨ।

## ਯੂਨੀਵਰਸਿਟੀ ਅਤੇ ਹਲਕੇ ਦੇ ਵਿਕਾਸ ਲਈ ਸਦਾ ਯਤਨਸ਼ੀਲ ਰਹਾਂਗਾ : ਹਲਕਾ ਵਿਧਾਇਕ

ਫ਼ਰੀਦਕੋਟ 12 ਸਤੰਬਰ : ''ਮੈਂ ਆਪਣੇ ਹਲਕੇ ਅਤੇ ਬਾਬਾ ਫਰੀਦ ਯੂਨੀਵਰਸਿਟੀ ਦੇ ਵਿਕਾਸ ਲਈ ਸਦਾ ਯਤਨਸ਼ੀਲ ਰਹਾਂਗਾ। ਹਲਕੇ ਦੀ ਸੇਵਾ ਕਰਨਾ ਮੇਰਾ ਪਹਿਲਾ ਅਤੇ ਮੁੱਢਲਾ ਧਰਮ ਹੈ।'' ਇਹ ਸ਼ਬਦ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਵੱਲੋਂ ਮੁਲਾਕਾਤ ਦੌਰਾਨ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਹੇ। ਜਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਦੀ ਅਗਵਾਈ ਹੇਠ ਵੱਡੇ ਵਫ਼ਦ ਨੇ ਵਿਧਾਇਕ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਕੀਤੀ ਮੁਲਾਕਾਤ ਦੌਰਾਨ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵਿਧਾਇਕ ਸੇਖੋਂ ਨੇ ਅੱਗੇ ਕਿਹਾ ਕਿ ਹੜ੍ਹਾਂ



ਦੌਰਾਨ ਪੰਜਾਬ ਸਰਕਾਰ ਨੇ ਪੀੜਤਾਂ ਲਈ ਸ਼ਲਾਘਾਯੋਗ ਕਦਮ ਚੁੱਕੇ ਹਨ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਪਾਤਰ ਹਨ। ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਦੇ ਮੈਂਬਰ ਹੋਣ ਦੇ ਨਾਤੇ ਸ੍ਰ. ਸੇਖੋਂ ਨੇ ਕਿਹਾ ਕਿ ਵਾਇਸ ਚਾਂਸਲਰ ਡਾ. ਰਾਜੀਵ ਸੂਦ ਦੇ ਸਾਰਥਿਕ ਯਤਨਾਂ ਅਤੇ ਸਰਕਾਰ ਦੇ ਸਹਿਯੋਗ ਨਾਲ ਯੂਨੀਵਰਸਿਟੀ ਨੇ ਅੰਤਰ ਰਾਸ਼ਟਰੀ ਪੱਧਰ 'ਤੇ ਆਪਣੀ ਵਿਲੱਖਣ ਪਛਾਣ ਬਣਾਈ ਹੈ। ਐਮ.ਬੀ.ਬੀ.ਐੱਸ. ਲਈ ਪੰਜਾਹ ਸੀਟਾਂ ਤੋਂ ਸ਼ੁਰੂ ਹੋਈਆਂ ਸੀਟਾਂ ਨਾਲ ਹੁਣ 125 ਸੀਟਾਂ ਮਨਜੂਰ ਹੋ ਚੁੱਕੀਆਂ ਹਨ ਅਤੇ ਉਨ੍ਹਾਂ ਦਾ ਨਿਸ਼ਾਨਾ 250 ਸੀਟਾਂ ਦਾ ਹੈ। ਗੱਲਬਾਤ ਦੌਰਾਨ ਸੇਖੋਂ ਨੇ ਇਹ ਵੀ ਕਿਹਾ ਕਿ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਉਨ੍ਹਾਂ ਦੇ ਦਰਵਾਜ਼ੇ ਸਦਾ ਖੁੱਲ੍ਹੇ ਹਨ। ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਅੱਜ ਦੇ ਵਫ਼ਦ ਵਿੱਚ ਟਰੱਸਟ ਦੀ ਚੀਫ਼ ਪੈਟਰਨ ਹੀਰਾਵਤੀ ਸੇਵਾ ਮੁਕਤ ਨਾਇਬ ਤਹਿਸੀਲਦਾਰ ਅਤੇ ਚੇਅਰਮੈਨ ਪ੍ਰਿੰ. ਕ੍ਰਿਸ਼ਨ ਲਾਲ ਅਤੇ ਜਨਰਲ ਸਕੱਤਰ ਮਲਕੀਅਤ ਸਿੰਘ ਮੰਮਨ ਸਮੇਤ ਸਥਾਨਕ ਸ੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਮਨਜੀਤ ਖਿੱਚੀ, ਮੁਲਾਜ਼ਮ ਆਗੂ ਅਮਰ ਸਿੰਘ ਮਹਿਮੀ, ਪ੍ਰਸਿੱਧ ਲੇਖਕ ਅਤੇ ਚਿੰਤਕ ਸ਼ਿਵ ਨਾਥ ਦਰਦੀ, ਸ੍ਰੀ ਕ੍ਰਿਸ਼ਨ ਆਰ.ਏ., ਜੀ.ਪੀ. ਛਾਬੜਾ, ਸ਼ਿਵਨਾਥ ਦਰਦੀ, ਬਲਕਾਰ ਸਿੰਘ ਸਹੋਤਾ, ਸਰਬਿੰਦਰ ਸਿੰਘ ਬੇਦੀ ਅਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ। ਢੋਸੀਵਾਲ ਨੇ ਸਮੂਹ ਮੈਂਬਰਾਂ ਦੀ ਸ੍ਰ. ਸੇਖੋਂ ਨਾਲ ਮੁਲਾਕਾਤ ਕਰਵਾਉਂਦੇ ਹੋਏ ਕਿਹਾ ਕਿ ਟਰੱਸਟ ਦੀ ਜਿਲ੍ਹਾ ਟੀਮ ਵਿੱਚ ਉੱਚ ਸਿੱਖਿਆ ਪ੍ਰਾਪਤ, ਸਾਬਕਾ ਅਧਿਕਾਰੀ, ਸਮਾਜ ਸੇਵਾ ਨੂੰ ਸਦਾ ਤਤਪਰ ਰਹਿਣ ਵਾਲੇ ਹੀਰਿਆਂ ਵਰਗੇ ਮੈਂਬਰਾਂ ਦੀ ਕਰੀਮ ਸ਼ਾਮਲ ਹੈ। ਇਸ ਪ੍ਰਭਾਵਸ਼ਾਲੀ ਮੀਟਿੰਗ ਦੌਰਾਨ ਢੋਸੀਵਾਲ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਛੇੜੀ ਮੁਹਿੰਮ, ਬਿਨਾਂ ਰਿਸ਼ਵਤ ਤੋਂ ਸਰਕਾਰੀ ਵਿਭਾਗਾਂ ਵਿੱਚ ਨਿਯੁਕਤੀ ਅਤੇ ਹੋਰ ਲੋਕ ਪੱਖੀ ਫੈਸਲਿਆਂ ਲਈ ਵਿਧਾਇਕ ਸੇਖੋਂ ਨੂੰ ਵਧਾਂ ਦਿੱਤੀ। ਉਨ੍ਹਾਂ ਨੇ ਯੂਨੀਵਰਸਿਟੀ ਦੇ ਸਰਬ ਪੱਖੀ ਵਿਕਾਸ, ਸਰਕਾਰੀ ਨਿਯਮਾਂ ਮੁਤਾਬਿਕ ਕੀਤੀਆਂ ਨਿਯੁਕਤੀਆਂ ਅਤੇ ਤਰੱਕੀਆਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ ਅਤੇ ਹਸਪਤਾਲ ਅੰਦਰ ਐਮ.ਆਰ.ਆਈ. ਸਮੇਤ ਹੋਰ ਜੀਵਨ ਬਚਾਊ ਮਸ਼ੀਨਾਂ ਖਰੀਦਣ ਲਈ ਵਾਇਸ ਚਾਂਸਲਰ ਡਾ. ਸੂਦ ਅਤੇ ਸ੍ਰ. ਸੇਖੋਂ ਨੂੰ ਸਾਂਝੇ ਤੌਰ 'ਤੇ ਵਧਾਈ ਦਿੱਤੀ। ਮੀਟਿੰਗ ਦੌਰਾਨ ਸ੍ਰ. ਸੇਖੋਂ ਨੇ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦਾ ਕਾਰਜਾਂ ਬਾਰੇ ਸੁਣ ਕੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਸਾਸ਼ਨ ਪ੍ਰਸ਼ਾਨ ਅਤੇ ਆਮ ਲੋਕਾਂ ਵਿੱਚ ਮਹੱਤਵ ਪੂਰਨ ਕੜੀ ਦਾ ਕੰਮ ਕਰਦੀਆਂ ਹਨ। ਮੀਟਿੰਗ ਦੌਰਾਨ ਯੂਨੀਵਰਸਿਟੀ ਅਤੇ ਹਲਕੇ ਦੇ ਰਿਕਾਰਡ ਤੋੜ ਵਿਕਾਸ ਲਈ ਸ੍ਰ. ਸੇਖੋਂ ਨੂੰ ਟਰੱਸਟ ਵੱਲੋਂ ਮੈਡਮ ਹੀਰਾਵਤੀ ਰਾਹੀਂ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ।

## ਅਧਿਆਪਕ ਦਿਵਸ ਨੂੰ ਸਮਰਪਿਤ ਲਾਇਨਜ਼ ਕਲੱਬ ਰਾਇਲ ਵੱਲੋਂ 11 ਅਧਿਆਪਕ ਸਨਮਾਨਤ

### ਗੁਰੂ ਸਮਾਨ ਅਧਿਆਪਕ ਦਾ ਸਨਮਾਨ ਬਰਕਰਾਰ ਰਹਿਣਾ ਚਾਹੀਦੈ : ਡਾ. ਛਾਬੜਾ

ਟਿੰਕੂ ਕੁਮਾਰ



ਕੋਟਕਪੂਰਾ, 12 ਸਤੰਬਰ : 'ਲਾਇਨਜ਼ ਕਲੱਬ ਕੋਟਕਪੂਰਾ ਰਾਇਲ' ਵੱਲੋਂ ਅਧਿਆਪਕ ਦਿਵਸ ਨੂੰ ਸਮਰਪਿਤ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਹਰੀਨੌਂ ਦੇ 11 ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕਲੱਬ ਦੇ ਪ੍ਰਧਾਨ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਹੋਏ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਪੀ.ਆਰ.ਓ. ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਨੇ ਦੱਸਿਆ ਕਿ ਅਧਿਆਪਕ ਦਿਵਸ ਅਰਥਾਤ 5 ਸਤੰਬਰ ਵਾਲੇ ਦਿਨ ਸਰਕਾਰ ਵੱਲੋਂ ਭਾਰੀ ਬਾਰਿਸ਼ ਕਾਰਨ ਛੁੱਟੀਆਂ ਦਾ ਐਲਾਨ ਹੋ ਜਾਣ ਕਰਕੇ ਅੱਜ ਸਨਮਾਨ ਸਮਾਰੋਹ ਕੀਤਾ ਜਾ ਰਿਹਾ ਹੈ। ਮਨਜੀਤ ਸਿੰਘ ਲਵਲੀ, ਇੰਸ. ਨਛੱਤਰ ਸਿੰਘ, ਅਮਰਦੀਪ ਸਿੰਘ ਮੀਤਾ ਅਤੇ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਕਲੱਬ ਵਲੋਂ ਇਸ ਸਕੂਲ ਨੂੰ ਗੋਦ ਲਿਆ ਗਿਆ ਹੈ ਤੇ ਅੱਜ ਦੇ ਸਮਾਗਮ ਦੌਰਾਨ 11 ਅਧਿਆਪਕਾਂ ਦੇ ਸਨਮਾਨ ਦੇ ਨਾਲ ਨਾਲ ਬੱਚਿਆਂ ਨੂੰ ਦੁੱਧ ਅਤੇ ਬਿਸਕੁਟ ਵੰਡ ਕੇ ਵੀ ਖੁਸ਼ੀ ਸਾਂਝੀ ਕੀਤੀ ਗਈ। ਸਮਾਗਮ ਦੇ ਮੁੱਖ ਮਹਿਮਾਨ ਅਤੇ ਮੁੱਖ ਵਕਤਾ ਵਜੋਂ ਪੁੱਜੇ ਸਮਾਜਸੇਵੀ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਬੱਚਿਆਂ ਨੂੰ ਮਾੜੀ ਸੁਸਾਇਟੀ ਅਤੇ ਨਸ਼ਿਆਂ ਵਰਗੀਆਂ ਸਮਾਜਿਕ ਕੁਰੀਤੀਆਂ ਤੋਂ ਬਚਣ ਲਈ ਪ੍ਰੇਰਿਤ ਕਰਦਿਆਂ ਵੱਖ ਵੱਖ ਨੁਕਤਿਆਂ ਦੀ ਸਾਂਝ ਪਾਈ। ਉਹਨਾ ਵਰਤਮਾਨ ਸਰੋਕਾਰਾਂ ਦੀਆਂ ਅਨੇਕਾਂ ਉਦਾਹਰਨਾ ਦਿੰਦਿਆਂ ਆਖਿਆ ਕਿ ਤੰਦਰੁਸਤ ਸਮਾਜ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਵਿੱਚ ਅਧਿਆਪਕ ਵਰਗ ਦਾ ਬਹੁਤ ਵੱਡਾ ਯੋਗਦਾਨ ਹੈ, ਇਸ ਲਈ ਅਧਿਆਪਕਾਂ ਦਾ ਗੁਰੂ ਸਮਾਨ ਮਾਣ ਸਤਿਕਾਰ ਬਰਕਰਾਰ ਰਹਿਣਾ ਚਾਹੀਦਾ ਹੈ। ਡਾ. ਸੁਨੀਲ ਛਾਬੜਾ ਨੇ ਅਧਿਆਪਕ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਆਖਿਆ ਕਿ ਅਧਿਆਪਕ ਉਹ ਮੋਮਬੱਤੀ ਹੈ, ਜੋ ਖੁਦ ਨੂੰ ਸਾੜ ਕੇ ਸਮਾਜ ਨੂੰ ਰੋਸ਼ਨੀ ਵੰਡਣ ਤੋਂ ਗੁਰੇਜ ਨਹੀਂ ਕਰਦਾ। ਉਹਨਾਂ ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਦੇ ਜਨਮ ਦਿਨ, ਸੋਚ ਅਤੇ ਕਾਬਲੀਅਤ ਦਾ ਜਿਕਰ ਕਰਦਿਆਂ ਦੱਸਿਆ ਕਿ ਆਪਣੇ ਜਨਮ ਦਿਨ ਨੂੰ ਡਾ. ਰਾਧਾ ਕ੍ਰਿਸ਼ਨਨ ਜੀ ਨੇ ਅਧਿਆਪਕ ਦਿਵਸ ਦੇ ਤੌਰ 'ਤੇ ਮਸ਼ਹੂਰ ਕਰ ਦਿੱਤਾ। ਮਾ. ਮੰਗਾ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਤੇ ਸਕੂਲ ਮੁਖੀ ਦੀਪਕ ਬਾਂਸਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਦਾਅਵਾ ਕੀਤਾ ਕਿ ਬੁਲਾਰਿਆਂ ਦੇ ਵਿਚਾਰ ਬੱਚਿਆਂ ਦੇ ਚੇਤਨ ਅਤੇ ਅਵਚੇਤਨ ਮਨ ਨੂੰ ਟੁੰਬਣਗੇ ਅਤੇ ਉਹਨਾਂ ਨੂੰ ਉਕਤ ਵਿਚਾਰਾਂ ਦਾ ਫਾਇਦਾ ਜਰੂਰ ਮਿਲੇਗਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗੇਜ ਰਾਮ ਭੋਰਾ, ਹਰਿੰਦਰ ਸਿੰਘ ਗੋਗੀ ਪੰਚਾਇਤ ਮੈਂਬਰ, ਗੁਰਮੀਤ ਸਿੰਘ ਧਾਲੀਵਾਲ, ਗੁਰਚਰਨ ਸਿੰਘ ਪੇਂਟਰ ਅਤੇ ਜਸਵਿੰਦਰ ਸਿੰਘ ਹਨੀ ਆਦਿ ਵੀ ਹਾਜਰ ਸਨ।

## ਵਿਧਾਇਕ ਉਗੋਕੇ ਨੇ ਪੀੜਤ ਪਰਿਵਾਰ ਨੂੰ 8 ਲੱਖ ਦੀ ਮੁਆਵਜ਼ਾ ਰਾਸ਼ੀ ਸੌਂਪੀ

### ਮੀਂਹ ਕਾਰਨ ਛੱਤ ਡਿੱਗਣ ਨਾਲ ਪਤੀ – ਪਤਨੀ ਦੀ ਹੋ ਗਈ ਸੀ ਮੌਤ

ਜਗਮੋਹਨ ਸ਼ਾਹ ਰਾਏਸਰ



ਬਰਨਾਲਾ,12 ਸਤੰਬਰ : ਬਲਾਕ ਸ਼ਹਿਣਾ ਦੇ ਪਿੰਡ ਮੌੜ ਨਾਭਾ ਵਿਚ ਭਾਰੀ ਮੀਂਹ ਕਾਰਨ ਪਿਛਲੇ ਦਿਨੀਂ ਘਰ ਦੀ ਛੱਤ ਡਿੱਗਣ ਕਾਰਨ ਪਤੀ – ਪਤਨੀ ਦੀ ਮੌਤ ਹੋ ਗਈ ਸੀ। ਹਲਕਾ ਭਦੌੜ ਦੇ ਵਿਧਾਇਕ ਸ. ਲਾਭ ਸਿੰਘ ਉਗੋਕੇ ਨੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਆਰਥਿਕ ਸਹਾਇਤਾ ਵਜੋਂ 8 ਲੱਖ ਰੁਪਏ ਦਾ ਚੈੱਕ ਪਰਿਵਾਰ ਨੂੰ ਸੌਂਪਿਆ।

ਕਰਨੈਲ ਸਿੰਘ (65) ਪੁੱਤਰ ਗੁਰਦਿਆਲ ਸਿੰਘ ਅਤੇ ਉਸ ਦੀ ਪਤਨੀ ਨਿੰਦਰ ਕੌਰ (60) ਪਤਨੀ ਕਰਨੈਲ ਸਿੰਘ ਵਾਸੀ ਪਿੰਡ ਮੌੜ ਨਾਭਾ ਦੀ ਭਾਰੀ ਮੀਂਹ ਕਾਰਨ ਘਰ ਦੀ ਛੱਤ ਡਿੱਗਣ ਕਾਰਨ ਮੌਤ ਹੋ ਗਈ ਸੀ। ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਵਲੋਂ ਪਰਿਵਾਰਕ ਮੈਂਬਰਾਂ ਨੂੰ ਮੁਆਵਜ਼ਾ ਰਾਸ਼ੀ ਦਾ 8 ਲੱਖ ਰੁਪਏ ਦਾ ਚੈੱਕ ਸੌਂਪਿਆ ਗਿਆ ਹੈ।

ਇਸ ਮੌਕੇ ਵਿਧਾਇਕ ਸ. ਲਾਭ ਸਿੰਘ ਉੱਗੋਕੇ ਨੇ ਕਿਹਾ ਕਿ ਪੰਜਾਬ ਸਰਕਾਰ ਹੜ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਵਿੱਚ ਜੁਟੀ ਹੋਈ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਭਾਰੀ ਬਰਸਾਤ ਨਾਲ ਘਰ ਨੁਕਸਾਨੇ ਗਏ ਅਤੇ ਪਰਿਵਾਰਾਂ ਨੂੰ ਜੀਆਂ ਦਾ ਘਾਟਾ ਪਿਆ ਹੈ, ਇਨ੍ਹਾਂ ਮਾਮਲਿਆਂ ਵਿਚ ਨਾਲੋ ਨਾਲ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਓਨ੍ਹਾਂ ਕਿਹਾ ਸਰਕਾਰ ਵਲੋਂ ਨੁਕਸਾਨੇ ਗਏ ਘਰਾਂ ਦਾ ਵੀ ਸਾਰਾ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਪਰਿਵਾਰਾਂ ਦੇ ਮੁੜ ਵਸੇਬੇ ਲਈ ਪੂਰੇ ਯਤਨ ਕੀਤੇ ਜਾਣਗੇ।

ਓਨ੍ਹਾਂ ਕਿਹਾ ਕਿ ਭਾਰੀ ਮੀਂਹ ਕਾਰਨ ਹਲਕਾ ਭਦੌੜ ਵਿਚ ਹੁਣ ਤੱਕ ਚਾਰ ਮੌਤਾਂ ਹੋਈਆਂ ਸਨ ਤੇ ਸਾਰੇ ਪਰਿਵਾਰਾਂ ਨੂੰ ਚਾਰ-ਚਾਰ ਲੱਖ ਰੁਪਏ ਦੀ ਰਾਸ਼ੀ ਆਰਥਿਕ ਸਹਾਇਤਾ ਵਜੋਂ ਦਿੱਤੀ ਗਈ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤਹਿਸੀਲਦਾਰ ਤਪਾ ਓਂਕਾਰ ਸਿੰਘ, ਵਿਧਾਇਕ ਉੱਗੋਕੇ ਦੇ ਦੋਵੇਂ ਨਿੱਜੀ ਸਹਾਇਕ ਹੈਰੀ ਧੂਰਕੋਟ ਅਤੇ ਅਮਨ ਦਰਾਕਾ, ਮਾਰਕੀਟ ਕਮੇਟੀ ਭਦੌੜ ਦੇ ਚੇਅਰਮੈਨ ਅੰਮ੍ਰਿਤ ਸਿੰਘ ਢਿੱਲਵਾਂ,ਲਵਦੀਪ ਸਿੰਘ ਭਗਤਪੁਰਾ,ਗੁਰਪ੍ਰੀਤ ਮਾਨ, ਸਰਪੰਚ ਮਲਕੀਅਤ ਸਿੰਘ ਮੌੜ ਨਾਭਾ,ਸਰਪੰਚ ਬਲਜੀਤ ਸਿੰਘ ਗਿੱਲ ਪੱਤੀ,ਸਰਪੰਚ ਕੁਲਵੰਤ ਰਾਮ ਭਗਤਪੁਰਾ, ਜਗਸੀਰ ਸਿੰਘ ਜੱਗਾ, ਬੋਘਾ ਸਿੰਘ, ਜਸਪਾਲ ਸਿੰਘ, ( ਤਿੰਨੋਂ ਮੈਂਬਰ ਪੰਚਾਇਤ), ਗੁਰਲਾਲ ਸਿੰਘ, ਸ਼ਿੰਦਾ ਸਿੰਘ, ਡਾਕਟਰ ਬਲਬੀਰ ਸਿੰਘ, ਬਲਦੇਵ ਸਿੰਘ, ਸਾਬਕਾ ਸਰਪੰਚ ਮਹਿੰਦਰ ਸਿੰਘ, ਬਿੰਦਰ ਸਿੰਘ , ਕਰਨ ਧੂਰਕੋਟ ਅਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

# ਜੀਨ ਸੰਸ਼ੋਧਿਤ ਭੋਜਨ

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

ਜੀਨ ਸੰਸ਼ੋਧਿਤ ਭੋਜਨ (Genetically Modified Foods) ਪਿਛਲੇ ਕੁਝ ਦਹਾਕਿਆਂ ਵਿੱਚ ਗੰਭੀਰ ਵਿਗਿਆਨਕ ਖੋਜ, ਜਨਤਾ ਦੇ ਵਿਚਾਰ ਅਤੇ ਗਹਿਨ ਨਿਗਰਾਨੀ ਦਾ ਵਿਸ਼ਾ ਬਣ ਗਏ ਹਨ। ਇਹ ਉਹ ਖੇਤੀਬਾੜੀ ਦੇ ਉਤਪਾਦ ਹਨ, ਜਿਨ੍ਹਾਂ ਦਾ ਜੀਵ ਵਿਗਿਆਨ ਅਤੇ ਬਾਇਓਟੈਕਨੋਲੋਜੀ ਦੀ ਮਦਦ ਨਾਲ ਤੌਰ ਵਿਗਿਆਨਕ ਤੇ ਜੀਵ ਵਿਸ਼ਲੇਸ਼ਣ ਕੀਤਾ ਗਿਆ ਹੈ, ਤਾਂ ਜੋ ਇੱਛਿਤ ਗੁਣਾਂ ਜਿਵੇਂ ਕਿ ਸੁਧਰੇ ਹੋਏ ਉਤਪਾਦਨ, ਕੀੜੇ-ਮਕੌੜਿਆਂ ਤੋਂ ਰੋਕਥਾਮ, ਚੰਗੀ ਪੈਦਾਵਾਰ ਜਾਂ ਵਧੀਕ ਪੋਸ਼ਣ ਸਮੱਗਰੀ ਪ੍ਰਾਪਤ ਕੀਤੀ ਜਾ ਸਕੇ। ਜਦੋਂ ਕਿ ਦੁਨੀਆ ਦੇ ਭੋਜਨ ਵਿਗਿਆਨੀ ਇਹ ਦੱਸ ਰਹੇ ਹਨ ਕਿ ਜੀਐਮਐਫਸ ਭੋਜਨ ਦੀ ਘਾਟ ਨੂੰ ਦੂਰ ਕਰਨ ਲਈ ਇੱਕ ਮੁੱਖ ਸਾਧਨ ਹਨ ਅਤੇ ਇਹ ਆਮ ਜਨਤਾ ਦੀ ਸਿਹਤ ਵਿੱਚ ਸੁਧਾਰ ਕਰਨ ਵਿੱਚ ਵੀ ਸਹਾਇਤਾ ਕਰ ਸਕਦੇ ਹਨ, ਪਰ ਦੂਜੇ ਪਾਸੇ ਆਲੋਚਕ ਇਹਨਾਂ ਭੋਜਨਾਂ ਦੀ ਸੁਰੱਖਿਆ, ਵਾਤਾਵਰਣ 'ਤੇ ਪ੍ਰਭਾਵ ਅਤੇ ਨੈਤਿਕਤਾ ਬਾਰੇ ਚਿੰਤਾਵਾਂ ਜਤਾਉਂਦੇ ਹਨ।

ਜੀਨ ਸੰਸ਼ੋਧਿਤ ਭੋਜਨ ਦਾ ਵਿਗਿਆਨਕ ਆਧਾਰ
ਜੀਨ ਸੰਸ਼ੋਧਨ ਦੀ ਪ੍ਰਕਿਰਿਆ ਵਿੱਚ ਕਿਸੇ ਪੌਦੇ ਜਾਂ ਪਸ਼ੂ ਦੇ ਜੀਨੋਮ ਵਿੱਚ ਜੀਨਾਂ ਦੀ ਸ਼ਮੂਲੀਅਤ, ਹਟਾਉਣਾ ਜਾਂ ਬਦਲਾਅ ਸ਼ਾਮਲ ਹੁੰਦਾ ਹੈ, ਜਿਸ ਵਿੱਚ ਰੀਕੰਬਿਨੈਂਟ ਡੀਐਨਏ ਤਕਨੀਕ, ਜੀਨ ਸਾਇਲੈਂਸਿੰਗ ਜਾਂ CRISPR-Cas9 ਜੀਨ ਸੰਪਾਦਨ ਵਰਗੀਆਂ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨਾਲ ਭੋਜਨ ਵਿਗਿਆਨੀ ਅਜਿਹੀਆਂ ਫਸਲਾਂ ਨੂੰ ਵਿਕਸਿਤ ਕਰਨ ਵਿੱਚ ਸਮਰੱਥ ਹੁੰਦੇ ਹਨ ਜੋ ਆਪਣੇ ਆਪ ਕੀੜਿਆਂ ਅਤੇ ਬਿਮਾਰੀਆਂ ਦੇ ਖਿਲਾਫ ਰੋਕਥਾਮ ਕਰ ਸਕਦੀਆਂ ਹਨ ਅਤੇ ਐਸੀਆਂ ਫਸਲਾਂ ਜੋ ਕਠੋਰ ਵਾਤਾਵਰਣਿਕ ਹਾਲਤਾਂ ਨੂੰ ਸਹਿਣ ਕਰ ਸਕਦੀਆਂ ਹਨ ਜਾਂ ਵਧੀਆ ਪੋਸ਼ਣ ਸਮੱਗਰੀ ਵਾਲੀਆਂ ਹੋ ਸਕਦੀਆਂ ਹਨ। ਆਮ ਜੀਨ ਸੰਸ਼ੋਧਿਤ ਫਸਲਾਂ ਵਿੱਚ ਮੱਕੀ, ਸੋਇਆਬੀਨ, ਕਪਾਹ ਸ਼ਾਮਲ ਹਨ।

ਜੀਨ ਸੰਸ਼ੋਧਿਤ ਭੋਜਨ ਦੇ ਫ਼ਾਇਦੇ

ਵਧੀਆ ਫਸਲ ਉਤਪਾਦਨ ਅਤੇ ਭੋਜਨ ਸੁਰੱਖਿਆ: ਜੀਐਮਐਫਸ ਨੂੰ ਐਸਾ ਬਣਾਇਆ ਗਿਆ ਹੈ ਕਿ ਉਹ ਸਖ਼ਤ ਮੌਸਮੀ ਹਾਲਤਾਂ ਦਾ ਸਾਹਮਣਾ ਕਰ ਸਕਣ, ਕੀੜੇ-ਮਕੌੜਿਆਂ ਦੇ ਖਿਲਾਫ਼ ਰੋਕਥਾਮ ਕਰ ਸਕਣ ਅਤੇ ਇਹਨਾਂ ਫਸਲਾਂ ਲਈ ਰਸਾਇਣਕ ਕੀੜੇ ਮਾਰਣ ਵਾਲੀਆਂ ਦਵਾਈਆਂ ਦੀ ਘੱਟ ਲੋੜ ਹੋਵੇ, ਜਿਸ ਨਾਲ ਫਸਲ ਦੀ ਉਤਪਾਦਕਤਾ ਵਿੱਚ ਸੁਧਾਰ ਹੋਵੇਗਾ ਅਤੇ ਕਿਸਾਨਾਂ ਨੂੰ ਖੇਤੀਬਾੜੀ ਦੇ ਨੁਕਸਾਨ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਇਹ ਖਾਸ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਲਈ ਮਹੱਤਵਪੂਰਨ ਹੈ ਜਿੱਥੇ ਖੇਤੀਬਾੜੀ ਦੀਆਂ ਹਾਲਤਾਂ ਉੱਚ ਪੈਦਾਵਾਰੀ ਲਈ ਵਧੀਆ ਨਹੀਂ ਹੁੰਦੀਆਂ।
ਵਧੀਆ ਪੋਸ਼ਣ ਸਮੱਗਰੀ:
ਜੀਨ ਇੰਜੀਨੀਅਰਿੰਗ ਨਾਲ ਫਸਲਾਂ ਦੇ ਪੋਸ਼ਣ ਮੁੱਲ ਨੂੰ ਵਧਾਇਆ ਜਾ ਸਕਦਾ ਹੈ। ਇੱਕ ਪ੍ਰਸਿੱਧ ਉਦਾਹਰਨ ਗੋਲਡਨ ਰਾਈਸ ਹੈ ਜਿਸ ਨੂੰ ਬੀਟਾ-ਕਾਰੋਟੀਨ ਉਤਪਾਦ ਕਰਨ ਲਈ ਸੰਸ਼ੋਧਿਤ ਕੀਤਾ ਗਿਆ ਹੈ, ਜੋ ਕਿ ਵਿਟਾਮਿਨ ਏ ਦੀ ਘਾਟ ਨੂੰ ਦੂਰ ਕਰਨ ਲਈ ਹੈ ਜਿੱਥੇ ਚਾਵਲ ਆਮ ਖੁਰਾਕ ਹੈ।
ਵਾਤਾਵਰਣਕ ਲਾਭ:
ਰਸਾਇਣਕ ਕੀੜੇ ਮਾਰਣ ਵਾਲੀਆਂ ਦਵਾਈਆਂ ਅਤੇ ਨਦੀਨਨਾਸ਼ਕਾਂ ਦੀ ਘੱਟ ਲੋੜ ਨਾਲ ਇਹ ਰਸਾਇਣਾਂ ਦੀ ਵਰਤੋਂ ਨੂੰ ਘਟਾਉਂਦਾ ਹੈ ਜਿਸ ਨਾਲ ਪਰਿਵਰਤਨਾਂ ਦੇ ਸੰਰਚਨਾ ਦੀ ਰੱਖਿਆ ਹੁੰਦੀ ਹੈ। ਕੁਝ ਜੀਐਮ ਫਸਲਾਂ ਵੀ ਅਜਿਹੀ ਖੇਤੀ ਨੂੰ ਪ੍ਰਚਾਰਿਤ ਕਰਦੀਆਂ ਹਨ, ਜੋ ਮਿੱਟੀ ਦੇ ਘੱਟ ਨਾਸ਼ ਅਤੇ ਪਾਣੀ ਦੀ ਬਚਤ ਕਰਦੀਆਂ ਹਨ।
ਆਰਥਿਕ ਲਾਭ:
ਕਿਸਾਨ ਵਧੇਰੇ ਉਤਪਾਦਨ, ਘੱਟ ਫਸਲ ਨੁਕਸਾਨ ਅਤੇ ਘੱਟ ਕੀੜੇ ਮਾਰਣ ਵਾਲੀਆਂ ਦਵਾਈਆਂ ਦੇ ਖਰਚਿਆਂ ਨਾਲ ਆਰਥਿਕ ਤੌਰ 'ਤੇ ਫ਼ਾਇਦਾ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਖੇਤੀਬਾੜੀ ਦੀ ਆਰਥਿਕਤਾ ਨੂੰ ਸਕਰਾਤਮਕ ਸੇਧ ਮਿਲਦੀ ਹੈ।
ਜੀਨ ਸੰਸ਼ੋਧਿਤ ਭੋਜਨ ਦੇ ਨੁਕਸਾਨ

ਸਿਹਤ ਚਿੰਤਾਵਾਂ ਅਤੇ ਐਲਰਜੀਆਂ:
ਜਦੋਂ ਕਿ ਦੁਨੀਆ ਭਰ ਵਿੱਚ ਵਿਸ਼ਾਲ ਅਧਿਐਨਾਂ ਨੇ ਦਰਸਾਇਆ ਹੈ ਕਿ ਜੀਐਮਐਫਸ ਸੁਰੱਖਿਅਤ ਹਨ, ਪਰ ਜੀਨ ਸ਼ਾਮਲ ਕਰਨ ਕਾਰਨ ਅਣਉਮੀਦਿਤ ਸਿਹਤ ਸਮੱਸਿਆਵਾਂ ਜਾਂ ਐਲਰਜਿਨਿਸ਼ਤਾ ਦੇ ਸੰਭਾਵਿਤ ਲੰਬੇ ਸਮੇਂ ਦੇ ਪ੍ਰਭਾਵਾਂ 'ਤੇ ਵਿਗਿਆਨੀ ਵਿਚਾਰ-ਵਿਮਰਸ਼ ਕਰ ਰਹੇ ਹਨ।
ਵਾਤਾਵਰਣਕ ਖਤਰਿਆਂ:
ਜੀਐਮਐਫ ਫ਼ਸਲ ਵਾਤਾਵਰਨ ਦੀ ਵਿਭਿੰਨਤਾ ਦੇ ਨਾਸ਼ ਵਿੱਚ ਯੋਗਦਾਨ ਦੇ ਸਕਦੇ ਹਨ ਕਿਉਂਕਿ ਇਹ ਜੀਵ ਵਿਸ਼ਲੇਸ਼ਣ ਕੀਤੀਆਂ ਹੋਈਆ ਫਸਲਾਂ ਦੀ ਇਕਹੰਗਤਾ ਨੂੰ ਵਧਾਉਂਦੇ ਹਨ। ਇਸ ਤੋਂ ਇਲਾਵਾ, ਜੀਐਮ ਫਸਲਾਂ ਅਤੇ ਜੰਗਲੀ ਰਿਸ਼ਤੇ ਦਰਮਿਆਨ ਪੋਲਿੰਗ ਦਾ ਖ਼ਤਰਾ ਵੀ ਹੈ, ਜਿਸ ਨਾਲ ਨਦੀਨਨਾਸ਼ਕਾਂ ਦੇ ਖਿਲਾਫ ਰੋਕਥਾਮ ਕਰਨ ਵਾਲੀਆਂ "ਸੁਪਰਵੀਡਜ਼" ਦਾ ਉੱਥਾਨ ਹੋ ਸਕਦਾ ਹੈ।
ਨੈਤਿਕ ਅਤੇ ਸਮਾਜਿਕ ਮੁੱਦੇ:
ਜੀਨ ਸੰਸ਼ੋਧਿਤ ਬੀਜਾਂ 'ਤੇ ਬਾਇਓਟੈਕਨੋਲੋਜੀ ਕੰਪਨੀਆਂ ਦੁਆਰਾ ਧਾਰਿਤ ਪੇਟੈਂਟ ਖਾਦ ਸਰੋਤਾਂ ਦਾ ਇਕਹੰਗਤਾ ਕਰ ਸਕਦੇ ਹਨ। ਇਸ ਨਾਲ ਛੋਟੇ ਪੈਮਾਣੇ 'ਤੇ ਕਿਸਾਨਾਂ 'ਤੇ ਨਕਾਰਾਤਮਕ ਪ੍ਰਭਾਵ ਪੈ ਸਕਦਾ ਹੈ ਅਤੇ ਆਰਥਿਕ ਅਸਮਾਨਤਾ ਵਧਾਉਣ ਵਿੱਚ ਵੀ ਯੋਗਦਾਨ ਦੇ ਸਕਦਾ ਹੈ।
ਮਨੋਵਿਗਿਆਨਕ ਅਤੇ ਜਨਤਾ ਦੀ ਧਾਰਨਾ ਦੀਆਂ ਚੁਣੌਤੀਆਂ:
ਬਹੁਤ ਸਾਰੇ ਉਪਭੋਗਤਾਵਾਂ ਜੀਐਮਐਫਸ ਵੱਲੋਂ ਅਣਉਮੀਦਿਤਤਾ ਅਤੇ ਕੁਝ ਖੇਤਰਾਂ ਵਿੱਚ ਪਾਰਦਰਸ਼ਤਾ ਦੀ ਘਾਟ ਕਾਰਨ ਚਿੰਤਾ ਅਤੇ ਸੰਦੇਹ ਮਹਿਸੂਸ ਕਰ ਰਹੇ ਹਨ। ਮਨੋਵਿਗਿਆਨਕ ਰੁਕਾਵਟ ਅਕਸਰ ਗਲਤ ਜਾਣਕਾਰੀ ਅਤੇ ਸੱਭਿਆਚਾਰਿਕ ਕਾਰਨਾਂ ਦੁਆਰਾ ਭੜਕਾਈ ਜਾਂਦੀ ਹੈ, ਨਾ ਕਿ ਵਿਗਿਆਨੀ ਸਬੂਤ ਦੁਆਰਾ।
ਜੀਨ ਸੰਸ਼ੋਧਿਤ ਭੋਜਨ ਕੈਂਸਰਜਨਕ ਹਨ?

ਬਹੁਤ ਸਾਰੀਆਂ ਅੰਤਰਰਾਸ਼ਟਰੀ ਵਿਗਿਆਨਕ ਸਮੀਖਿਆਂ ਅਤੇ ਖੋਜਾਂ ਨੇ ਇਹ ਨਿਸ਼ਚਿਤ ਕੀਤਾ ਹੈ ਕਿ ਮਨੁੱਖੀ ਖਪਤ ਲਈ ਮੰਜ਼ੂਰ ਕੀਤੇ ਗਏ ਜੀਨ ਸੰਸ਼ੋਧਿਤ ਭੋਜਨ (GMFs) ਕੈਂਸਰਜਨਕ ਨਹੀਂ ਹਨ ਅਤੇ ਇਹ ਮਨੁੱਖਾਂ ਲਈ ਕੋਈ ਖਤਰੇ ਪੈਦਾ ਨਹੀਂ ਕਰਦੇ। ਪਸ਼ੂ ਮਾਡਲਾਂ ਵਿੱਚ ਕੀਤੇ ਗਏ ਅਧਿਐਨਾਂ ਨੇ ਇਹ ਦਰਸਾਇਆ ਹੈ ਕਿ ਜੀਨ ਸੰਸ਼ੋਧਿਤ ਭੋਜਨਾਂ ਨੂੰ ਕੈਂਸਰ ਨਾਲ ਜੋੜਨ ਵਾਲਾ ਕੋਈ ਵਿਗਿਆਨਕ ਸਬੂਤ ਨਹੀਂ ਹੈ। ਫਿਰ ਵੀ, ਲੰਬੇ ਸਮੇਂ ਦੀਆਂ ਅਧਿਐਨਾਂ ਅਤੇ ਪੋਸਟ-ਮਾਰਕੀਟ ਨਿਗਰਾਨੀ ਜਾਰੀ ਰੱਖਣਾ ਜਰੂਰੀ ਹੈ ਤਾਂ ਜੋ ਕਿਸੇ ਵੀ ਅਣਉਮੀਦਿਤ ਪ੍ਰਭਾਵਾਂ ਦੀ ਨਿਗਰਾਨੀ ਕੀਤੀ ਜਾ ਸਕੇ, ਕਿਉਂਕਿ ਵਿਗਿਆਨਕ ਸਮਝ ਹਮੇਸ਼ਾ ਵਿਕਾਸਸ਼ੀਲ ਰਹਿੰਦੀ ਹੈ।

ਮਨੋਵਿਗਿਆਨਕ ਅਤੇ ਸਮਾਜਿਕ ਪ੍ਰਭਾਵ

ਜੀਨ ਸੰਸ਼ੋਧਿਤ ਭੋਜਨਾਂ ਦੀ ਪੇਸ਼ਕਸ਼ ਨੇ ਜਨਤਾ ਦੇ ਵਿਚਾਰਾਂ ਵਿੱਚ ਵੰਡ ਪੈਦਾ ਕੀਤਾ ਹੈ। ਸਰਵੇਖਣਾਂ ਦਰਸਾਉਂਦੇ ਹਨ ਕਿ ਆਬਾਦੀ ਦਾ ਇੱਕ ਵੱਡਾ ਹਿੱਸਾ ਜੀਐਮਐਫਸ ਨੂੰ ਸ਼ੱਕ ਨਾਲ ਦੇਖਦਾ ਹੈ, ਜਿਸਦਾ ਕਾਰਨ ਅਣਜਾਣ ਲੰਬੇ ਸਮੇਂ ਦੇ ਨਤੀਜੇ ਅਤੇ ਵੱਡੀਆਂ ਬਾਇਓਟੈਕ ਕੰਪਨੀਆਂ ਪ੍ਰਤੀ ਅਵਿਸ਼ਵਾਸ਼ ਹੈ। ਇਸ ਨਾਲ ਉਪਭੋਗਤਾਵਾਂ ਵਿੱਚ ਮਨੋਵਿਗਿਆਨਕ ਤਣਾਅ ਪੈਦਾ ਹੋ ਰਿਹਾ ਹੈ, ਜੋ ਭੋਜਨ ਦੀ ਸੁਰੱਖਿਆ ਅਤੇ ਵਾਤਾਵਰਣਿਕ ਨੈਤਿਕਤਾ ਬਾਰੇ ਅਸਮੰਜਸ ਮਹਿਸੂਸ ਕਰਦੇ ਹਨ।

ਇਸ ਤੋਂ ਇਲਾਵਾ, ਪਿੰਡਾਂ ਦੇ ਖੇਤੀਬਾੜੀ ਸਮੂਹਾਂ ਵਿੱਚ ਪੈਟੈਂਟ ਕੀਤੇ ਗਏ ਜੀਨ ਬੀਜਾਂ 'ਤੇ ਨਿਰਭਰਤਾ ਵੱਡੇ ਪੱਧਰ 'ਤੇ ਸਮਾਜਿਕ ਅਤੇ ਆਰਥਿਕ ਤਣਾਅ ਪੈਦਾ ਕਰ ਰਹੀ ਹੈ। ਕਿਸਾਨ ਵੱਡੀਆਂ ਕੰਪਨੀਆਂ 'ਤੇ ਸਾਲਾਨਾ ਬੀਜ ਖਰੀਦਣ ਲਈ ਨਿਰਭਰ ਹੋ ਸਕਦੇ ਹਨ, ਜਿਸ ਨਾਲ ਪਰੰਪਰਾਗਤ ਖੇਤੀਬਾੜੀ ਦੇ ਅਭਿਆਸ ਅਤੇ ਸਵੈ-ਸਮਰੱਥਾ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਜੀਨ ਸੰਸ਼ੋਧਿਤ ਭੋਜਨਾਂ ਦਾ ਭਵਿੱਖ

ਜੀਨ ਸੰਸ਼ੋਧਿਤ ਭੋਜਨਾਂ ਦਾ ਭਵਿੱਖ ਉਮੀਦ ਨਾਲ ਭਰਿਆ ਦਿਖਾਈ ਦਿੰਦਾ ਹੈ ਪਰ ਹੁਣ ਤੱਕ ਇਹ ਜਟਿਲ ਹੈ। CRISPR-Cas9 ਵਰਗੀਆਂ ਜੀਨ-ਸੰਪਾਦਨ ਤਕਨੀਕਾਂ ਵਿੱਚ ਹੋ ਰਹੀਆਂ ਪ੍ਰਗਤੀਆਂ ਵਧੀਆ ਅਤੇ ਸੰਭਵਤ: ਸੁਰੱਖਿਅਤ ਜੀਵ ਵਿਗਿਆਨਿਕ ਸੰਸ਼ੋਧਨਾਂ ਨੂੰ ਯਕੀਨੀ ਬਣਾਉਂਦੀਆਂ ਹਨ। ਦੁਨੀਆ ਭਰ ਦੇ ਵਿਗਿਆਨੀ ਹੁਣ ਮੌਸਮੀ ਬਦਲਾਅ-ਸਹਿਣ ਕਰਨ ਵਾਲੀਆਂ ਫਸਲਾਂ, ਸੁਧਰੇ ਹੋਏ ਪੌਦੇ-ਆਧਾਰਿਤ ਟੀਕੇ ਅਤੇ ਇਸ ਤੋਂ ਇਲਾਵਾ ਸੰਥੇਟਿਕ ਮਾਂਸ ਦੀ ਤਿਆਰੀ ਦੇ ਉੱਦਮਾਂ 'ਤੇ ਕੰਮ ਕਰ ਰਹੇ ਹਨ। ਨਿਯਮਕ ਢਾਂਚੇ ਹੌਲੀ-ਹੌਲੀ ਇਸ ਤਕਨੀਕੀ ਵਿਕਾਸ ਦੇ ਨਾਲ ਅਨੁਕੂਲ ਹੋ ਰਹੇ ਹਨ, ਕੁਝ ਦੇਸ਼ ਜੀਨ-ਸੰਪਾਦਿਤ (ਗੈਰ-ਟ੍ਰਾਂਸਜੈਨਿਕ) ਭੋਜਨਾਂ 'ਤੇ ਧਿਆਨ ਕੇਂਦ੍ਰਿਤ ਕਰ ਰਹੇ ਹਨ, ਜੋ ਪਰੰਪਰਾਗਤ ਜੀਐਮਐਫਸ ਤੋਂ ਵੱਖਰੇ ਹਨ, ਜਿਸ ਨਾਲ ਜਨਤਾ ਦੀ ਸਵੀਕਾਰਤਾ ਨੂੰ ਆਸਾਨ ਬਣਾਇਆ ਜਾ ਸਕਦਾ ਹੈ।

ਜੀਨ ਸੰਸ਼ੋਧਿਤ ਭੋਜਨਾਂ ਬਾਰੇ ਪਾਰਦਰਸ਼ਤਾ ਦੀ ਮੰਗ ਵੱਧਣ ਦੀ ਸੰਭਾਵਨਾ ਹੈ ਅਤੇ ਇਸ ਨੂੰ ਸਖਤ ਲੇਬਲਿੰਗ ਕਾਨੂੰਨਾਂ ਦੁਆਰਾ ਸੁਖਾਲਿਆ ਕੀਤਾ ਜਾ ਸਕਦਾ ਹੈ। ਇੱਕ ਹੀ ਸਮੇਂ, ਦੁਨੀਆ ਭਰ ਵਿੱਚ ਜੀਨ ਡ੍ਰਾਈਵਜ਼ ਅਤੇ ਟਿਕਾਊ ਖੇਤੀਬਾੜੀ ਦੇ ਅਭਿਆਸਾਂ ਬਾਰੇ ਖੋਜਾਂ ਜੀਐਮਐਫਸ ਦੇ ਵਾਤਾਵਰਣਿਕ ਪ੍ਰਭਾਵ ਨੂੰ ਸੰਤੁਲਿਤ ਕਰਨ ਦਾ ਟੀਚਾ ਰੱਖਦੀਆਂ ਹਨ। ਜੀਨ ਸੰਸ਼ੋਧਿਤ ਭੋਜਨਾਂ ਦਾ ਵਿਸ਼ਵ ਭੋਜਨ ਸਪਲਾਈ ਵਿੱਚ ਸ਼ਾਮਲ ਹੋਣਾ ਖਾਸ ਤੌਰ 'ਤੇ ਉਹਨਾਂ ਖੇਤਰਾਂ ਵਿੱਚ ਵੱਧਣ ਦੀ ਉਮੀਦ ਕੀਤੀ ਜਾ ਰਹੀ ਹੈ ਜਿੱਥੇ ਭੋਜਨ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ।

ਜੀਨ ਸੰਸ਼ੋਧਿਤ ਭੋਜਨ ਵਿਗਿਆਨ ਦਾ ਇੱਕ ਨਤੀਜਾ ਹਨ ਅਤੇ ਇਹਨਾਂ ਨੂੰ ਸਿਹਤ, ਸਮਾਜ ਅਤੇ ਨੈਤਿਕਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਦੁਨੀਆ ਭਰ ਵਿੱਚ ਹੁਣ ਤੱਕ ਕੀਤੀ ਗਈ ਖੋਜਾਂ ਨੇ ਇਹ ਸਾਬਤ ਨਹੀਂ ਕੀਤਾ ਕਿ ਜੀਐਮਐਫਸ ਕੈਂਸਰਜਨਕ ਜਾਂ ਮਨੁੱਖੀ ਸਿਹਤ ਲਈ ਹਾਨਿਕਾਰਕ ਹਨ, ਪਰ ਇਨ੍ਹਾਂ ਦੇ ਵਾਤਾਵਰਣਿਕ ਪ੍ਰਭਾਵ, ਨੈਤਿਕ ਸਮੱਸਿਆਵਾਂ ਅਤੇ ਆਰਥਿਕ ਨਿਰਭਰਤਾ ਬਾਰੇ ਚਿੰਤਾਵਾਂ ਉਠਾਈਆਂ ਗਈਆਂ ਹਨ। ਜਨਤਾ ਦੁਆਰਾ ਉਠਾਈਆਂ ਗਈਆਂ ਮੁੱਦਿਆਂ ਨੂੰ ਵਿਗਿਆਨੀ ਤਰੀਕੇ ਨਾਲ ਹੱਲ ਕਰਨਾ ਜਰੂਰੀ ਹੈ। ਇਸ ਲਈ ਜਿੰਨਾ ਮਹੱਤਵਪੂਰਨ ਹੈ, ਉਹ ਹੈ ਜ਼ਿੰਮੇਵਾਰ ਨਵੀਨੀਕਰਨ ਅਤੇ ਸਖਤ ਕਾਨੂੰਨੀ ਨਿਗਰਾਨੀ ਨੂੰ ਯਕੀਨੀ ਬਣਾਉਣਾ। ਅਜੋਕੇ ਸਮੇਂ ਵਿੱਚ ਦੁਨੀਆ ਮੌਸਮੀ ਬਦਲਾਅ ਅਤੇ ਆਬਾਦੀ ਵਾਧੇ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਜੀਨ ਸੰਸ਼ੋਧਿਤ ਭੋਜਨਾਂ ਟਿਕਾਊ ਭੋਜਨ ਉਤਪਾਦਨ ਅਤੇ ਵਿਸ਼ਵ ਪੋਸ਼ਣ ਸੁਰੱਖਿਆ ਲਈ ਇੱਕ ਮਹੱਤਵਪੂਰਨ ਹੱਲ ਸਾਬਿਤ ਹੋ ਸਕਦੇ ਹਨ।

# ਏ ਆਈ ਭਾਵ ਮਸ਼ੀਨੀ ਬੁੱਧੀ ਕੰਪਿਊਟਰ ਵਿਗਿਆਨ ਦੀ ਇੱਕ



ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮ ਵੇਦ

ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਸਿੰਘ ਤੋਂ ਏ. ਆਈ. ਭਾਵ ਮਸ਼ੀਨੀ ਬੁੱਧੀ ਬਾਰੇ ਪ੍ਰਾਪਤ ਜਾਣਕਾਰੀ ਅਨੁਸਾਰ ਏ. ਆਈ. ਅੰਗਰੇਜ਼ੀ ਸ਼ਬਦ Artificial Intelligence ਦਾ ਸੰਖੇਪ ਰੂਪ ਹੈ। ਪੰਜਾਬੀ ਵਿੱਚ ਇਸ ਲਈ ਮਸ਼ੀਨੀ ਬੁੱਧੀ, ਮਸਨੂਈ ਬੁੱਧੀ, ਬਨਾਵਟੀ ਬੁੱਧੀ ਵਰਗੇ ਸ਼ਬਦ ਵਰਤੇ ਜਾ ਰਹੇ ਹਨ। ਇਹ ਕੰਪਿਊਟਰ ਵਿਗਿਆਨ ਦੀ ਇੱਕ ਸ਼ਾਖਾ ਹੈ ਜੋ ਮਸ਼ੀਨਾਂ ਨੂੰ ਮਨੁੱਖੀ ਬੁੱਧੀ ਵਰਗੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ। ਇਸ ਵਿੱਚ ਕੁਝ ਨਵਾਂ ਸਿੱਖਣ, ਭਾਸ਼ਾ ਨੂੰ ਸਮਝਣ, ਪੇਸ਼ ਕੀਤੀ ਸਮੱਸਿਆ ਨੂੰ ਹੱਲ ਕਰਨਾ ਅਤੇ ਫੈਸਲੇ ਲੈਣ ਵਰਗੀਆਂ ਸਮਰੱਥਾਵਾਂ ਸ਼ਾਮਲ ਹਨ। ਵੈਸੇ ਤਾਂ ਏ.ਆਈ. ਕਿਸੇ ਇੱਕ ਵਿਅਕਤੀ ਦੀ ਕਾਢ ਨਹੀਂ ਹੈ ਕਿਉਂਕਿ ਇਹ ਤਾਂ ਕੰਪਿਊਟਰ ਤੇ ਇੰਟਰਨੈੱਟ ਦੇ ਵਿਕਾਸ ਦੇ ਨਾਲ ਨਾਲ ਹੀ ਵਿਕਸਿਤ ਹੋ ਰਹੀ ਹੈ, ਇਸ ਵਿੱਚ ਹਜ਼ਾਰਾਂ ਕੰਪਿਊਟਰ ਵਿਗਿਆਨੀਆਂ ਦਾ ਯੋਗਦਾਨ ਹੈ। ਪਰ ਫਿਰ ਵੀ ਜੌਹਨ ਮੈਕਾਰਥੀ ਨੂੰ ਏ.ਆਈ. ਦਾ ਪਿਤਾਮਾ ਕਿਹਾ ਜਾਂਦਾ ਹੈ। ਜੋਹਨ ਮੈਕਾਰਥੀ ਨੇ 1955 ਵਿੱਚ ਸੋਚਣ ਵਾਲੀਆਂ ਮਸ਼ੀਨਾਂ ਬਾਰੇ ਇੱਕ ਵਰਕਸ਼ਾਪ ਆਯੋਜਿਤ ਕੀਤੀ ਅਤੇ ਉਸਨੇ ਹੀ ਪਹਿਲੀ ਵਾਰ ਏ. ਆਈ. ਸ਼ਬਦ ਵਰਤਿਆ।
ਏ.ਆਈ. ਜਾਂ ਮਸ਼ੀਨੀ ਬੁੱਧੀ ਕਿਵੇਂ ਕੰਮ ਕਰਦੀ ਹੈ?
ਇਸ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਮਨੁੱਖੀ ਬੁੱਧੀ ਕਿਵੇਂ ਕੰਮ ਕਰਦੀ ਹੈ। ਮਨੁੱਖ ਦੇ ਜਨਮ ਸਮੇਂ ਤੋਂ ਹੀ ਉਸ ਦੀਆਂ ਗਿਆਨ ਇੰਦਰੀਆਂ ਰਾਹੀਂ ਹਰ ਰੋਜ਼ ਬਹੁਤ ਸਾਰੀ ਜਾਣਕਾਰੀ ਉਸ ਦੇ ਦਿਮਾਗ ਵਿੱਚ ਜਮਾਂ ਹੁੰਦੀ ਰਹਿੰਦੀ ਹੈ। ਦਿਮਾਗ ਵਿੱਚ ਅਰਬਾਂ ਨਿਊਰਾਨ ਸੈਲ ਹਨ, ਜੋ ਆਪਣੇ ਵਿੱਚ ਇਹ ਜਾਣਕਾਰੀ ਸੰਭਾਲ ਕੇ ਰੱਖਦੇ ਹਨ। ਮਨੁੱਖ ਇਸ ਜਾਣਕਾਰੀ ਦੇ ਆਧਾਰ ਉੱਤੇ ਹੀ ਭਾਸ਼ਾ ਨੂੰ ਸਮਝਦਾ ਹੈ, ਸਮੱਸਿਆਵਾਂ ਨੂੰ ਜਾਣਦਾ ਹੈ, ਨਵੀਆਂ ਗੱਲਾਂ ਸੋਚਦਾ ਹੈ ਅਤੇ ਫੈਸਲੇ ਕਰਦਾ ਹੈ। ਮਸ਼ੀਨੀ ਬੁੱਧੀ ਵਿੱਚ ਇਹ ਜਾਣਕਾਰੀ ਕੰਪਿਊਟਰ ਵਿੱਚ ਜਮਾਂ ਹੁੰਦੀ ਹੈ, ਜਿਸ ਨੂੰ ਡਾਟਾ ਕਿਹਾ ਜਾਂਦਾ ਹੈ। ਹਰ ਪਲ ਦੁਨੀਆਂ ਦੇ ਲੱਖਾਂ ਕੰਪਿਊਟਰਾਂ ਵਿੱਚ ਨਵੀਂ ਨਵੀਂ ਜਾਣਕਾਰੀ ਟੈਕਸਟ ਜਾਂ ਆਡੀਓ ਵੀਡੀਓ ਫਾਈਲਾਂ ਦੇ ਰੂਪ ਵਿੱਚ ਪੈਂਦੀ ਰਹਿੰਦੀ ਹੈ। ਇੰਟਰਨੈੱਟ ਨਾਲ ਇਹ ਸਾਰਾ ਡਾਟਾ ਕਿਤੇ ਵੀ ਵਰਤਿਆ ਜਾ ਸਕਦਾ ਹੈ। ਏ.ਆਈ. ਕੰਪਿਊਟਰਾਂ ਅਤੇ ਇੰਟਰਨੈੱਟ ਉੱਤੇ ਪਏ ਇਸ ਡਾਟੇ ਨੂੰ ਵਰਤ ਕੇ ਹੀ ਕੰਮ ਕਰਦੀ ਹੈ। ਏ.ਆਈ. ਦਾ ਕੰਪਿਊਟਰ ਜਾਂ ਇੰਟਰਨੈੱਟ ਦੀ ਵਰਤੋਂ ਨਾਲੋਂ ਵੱਡਾ ਫਰਕ ਇਹ ਹੈ ਕਿ ਇਹ ਇਸ ਡਾਟੇ ਨੂੰ ਵਰਤ ਕੇ ਨਵੇਂ ਸਿੱਟੇ ਕੱਢ ਸਕਦੀ ਹੈ, ਖੁਦ ਫੈਸਲੇ ਕਰ ਸਕਦੀ ਹੈ ਜਦ ਕਿ ਕੰਪਿਊਟਰ ਉਸ ਨੂੰ ਚਲਾਉਣ ਵਾਲੇ ਮਨੁੱਖ ਵੱਲੋਂ ਦਿੱਤੀਆਂ ਹਦਾਇਤਾਂ 'ਤੇ ਹੀ ਕੰਮ ਕਰਦਾ ਹੈ। ਪਹਿਲਾਂ ਜੋ ਮਸ਼ੀਨਾਂ ਬਣੀਆਂ, ਜਿਵੇਂ ਭਾਫ-ਇੰਜਨ, ਡੀਜ਼ਲ-ਇੰਜਨ, ਮੋਟਰਾਂ ਅਤੇ ਬਿਜਲੀ ਨਾਲ ਚੱਲਣ ਵਾਲੇ ਅਨੇਕਾਂ ਯੰਤਰ, ਇਨ੍ਹਾਂ ਸਭ ਨੇ ਮਨੁੱਖ ਦੀ ਸਰੀਰਕ ਮੁਸ਼ੱਕਤ ਨੂੰ ਘਟਾਇਆ ਸੀ। ਜੋ ਕੰਮ ਪਹਿਲਾਂ ਮਨੁੱਖ ਆਪਣੇ ਹੱਥਾਂ ਨਾਲ ਜਾਂ ਪਸ਼ੂਆਂ ਦੀ ਮਦਦ ਨਾਲ ਕਰਦਾ ਸੀ, ਉਹੀ ਕੰਮ ਮਸ਼ੀਨਾਂ ਵੱਧ ਤਾਕਤ ਅਤੇ ਵੱਧ ਤੇਜੀ ਨਾਲ ਕਰਨ ਲੱਗੀਆਂ। ਫਿਰ ਜਦ ਕੈਲਕੂਲੇਟਰ ਜਾਂ ਕੰਪਿਊਟਰ ਆਏ ਤਾਂ ਉਹਨਾਂ ਨੇ ਬੌਧਿਕ ਕੰਮ ਜਿਵੇਂ ਕੋਈ ਵੀ ਹਿਸਾਬ ਕਿਤਾਬ ਕਰਨ ਸਮੇਂ ਜੋੜ, ਘਟਾਓ, ਗੁਣਾ, ਤਕਸੀਮ ਕਰਨ ਦਾ ਕੰਮ ਸਾਂਭ ਲਿਆ। ਸੈਂਕੜੇ ਰਕਮਾਂ ਦਾ ਜੋੜ ਮਿੰਟਾਂ ਸਕਿੰਟਾਂ ਵਿੱਚ ਹੋਣ ਲੱਗਾ ਅਤੇ ਹੋਰ ਵੀ ਗੁੰਝਲਦਾਰ ਗਣਨਾਵਾਂ ਇਨ੍ਹਾਂ ਦੀ ਮਦਦ ਨਾਲ ਹੋਣ ਲੱਗੀਆਂ। ਪਰ ਦਿਮਾਗੀ ਕੰਮ ਕੇਵਲ ਅੰਕੜਿਆਂ ਦਾ ਹਿਸਾਬ ਕਿਤਾਬ ਕਰਨ ਤੱਕ ਸੀਮਤ ਨਹੀਂ ਹੁੰਦਾ। ਮਨੁੱਖੀ ਜ਼ਿੰਦਗੀ ਵਿੱਚ ਵੀ ਅਤੇ ਸਮਾਜ ਅੱਗੇ ਵੀ ਅਨੇਕਾਂ ਸਵਾਲ ਹਨ, ਜਿਨ੍ਹਾਂ ਦਾ ਜਵਾਬ ਲੱਭਣ ਲਈ ਮਨੁੱਖ ਨੂੰ ਸੋਚਣ ਵਿਚਾਰਨ ਵਾਲੀ ਦਿਮਾਗੀ ਮਿਹਨਤ ਦੀ ਲੋੜ ਪੈਂਦੀ ਹੈ। ਏ.ਆਈ. ਮਨੁੱਖੀ ਬੁੱਧੀ ਦੁਆਰਾ ਕੀਤੇ ਜਾਂਦੇ ਅਜਿਹੇ ਕਾਰਜਾਂ ਨੂੰ ਵੀ ਕਰਨ ਦੇ ਕਾਬਲ ਹੋ ਰਹੀ ਹੈ ਕਿਉਂਕਿ ਇਹ ਸਾਧਾਰਨ ਹਿਸਾਬ ਕਿਤਾਬ ਤੋਂ ਅੱਗੇ ਸੋਚ ਵਿਚਾਰ ਕਰਕੇ ਹੋਰ ਫੈਸਲੇ ਲੈਣ ਦੇ ਵੀ ਸਮਰੱਥ ਹੈ।ਏ.ਆਈ. ਦੀ ਇਸ ਸਮਰੱਥਾ ਨੂੰ ਇੱਕ ਉਦਾਹਰਣ ਰਾਹੀਂ ਸਮਝਿਆ ਜਾ ਸਕਦਾ ਹੈ- ਮੰਨ ਲਵੋ ਕਿ ਤੁਸੀਂ ਨਵਾਂ ਮੋਬਾਈਲ ਫੋਨ ਲੈਣਾ ਹੈ ਤਾਂ ਤੁਸੀਂ ਆਪਣੀਆਂ ਲੋੜਾਂ, ਬੱਜਟ ਅਤੇ ਵਰਤੋਂ ਦੱਸ ਕੇ ਏ.ਆਈ. ਤੋਂ ਪੁੱਛ ਸਕਦੇ ਹੋ ਕਿ ਤੁਹਾਡੇ ਲਈ ਕਿਹੜਾ ਫੋਨ ਸੈਟ ਖਰੀਦਣਾ ਠੀਕ ਰਹੇਗਾ। ਫੋਨ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਆਪਣੇ ਹਰ ਮਾਡਲ ਦੇ ਸੈੱਟ ਦੀਆਂ ਖੂਬੀਆਂ ਤੇ ਕੀਮਤਾਂ ਇੰਟਰਨੈੱਟ ਉੱਤੇ ਪਾਈਆਂ ਹੁੰਦੀਆਂ ਹਨ। ਏ.ਆਈ. ਇੰਟਰਨੈੱਟ ਤੋਂ ਹਰ ਤਰ੍ਹਾਂ ਦੇ ਫੋਨ ਸੈੱਟਾਂ ਦਾ ਡਾਟਾ ਖੰਘਾਲ ਕੇ ਤੁਹਾਡੀ ਰੇਂਜ ਅਤੇ ਲੋੜਾਂ ਅਨੁਸਾਰ ਫੋਨ ਸੈੱਟ ਸਿਫਾਰਸ਼ ਕਰ ਦੇਵੇਗਾ। ਤੁਹਾਨੂੰ ਸਾਰੀਆਂ ਕੰਪਨੀਆਂ ਦੇ ਸ਼ੋਅ-ਰੂਮਾਂ ਉੱਤੇ ਜਾ ਕੇ ਹਰ ਫੋਨ ਸੈੱਟ ਬਾਰੇ ਪੁੱਛ-ਗਿੱਛ ਕਰਨ ਦੀ ਲੋੜ ਨਹੀਂ ਪਵੇਗੀ।ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਏ.ਆਈ. ਵੱਲੋਂ ਸਿਫਾਰਸ਼ ਕੀਤਾ ਫੋਨ ਸੈੱਟ ਸੱਚਮੁੱਚ ਹੀ ਤੁਹਾਡੇ ਲਈ ਵਧੀਆ ਹੋਵੇਗਾ। ਇਥੇ ਹੀ ਏ.ਆਈ. ਦੀ ਸੀਮਾ ਆ ਜਾਂਦੀ ਹੈ ਕਿ ਉਸਨੇ ਤਾਂ ਜੋ ਇੰਟਰਨੈੱਟ ਉੱਤੇ ਡਾਟਾ ਪਿਆ ਹੈ ਉਸੇ ਦੇ ਆਧਾਰ ਉੱਤੇ ਫੈਸਲਾ ਲੈਣਾ ਹੈ। ਕੰਪਨੀਆਂ ਨੈੱਟ ਉੱਤੇ ਆਪਣੇ ਫੋਨ ਬਾਰੇ ਗਲਤ ਜਾਣਕਾਰੀ ਪਾ ਸਕਦੀਆਂ ਹਨ, ਆਪਣੇ ਸੈੱਟ ਦੀ ਪ੍ਰਸੰਸਾ ਵਿੱਚ ਖਰੀਦਦਾਰਾਂ ਦੇ ਜਾਅਲੀ ਰਿਵਿਊ ਪਾ ਸਕਦੀਆਂ ਹਨ।ਇਸ ਇਕ ਉਦਾਹਰਨ ਤੋਂ ਏ.ਆਈ. ਦੇ ਲਾਭਾਂ ਅਤੇ ਖਤਰਿਆਂ ਦੋਹਾਂ ਦਾ ਅਭਾਸ ਹੋ ਜਾਂਦਾ ਹੈ। ਜੇ ਮਸ਼ੀਨੀ ਬੁੱਧੀ ਨਾਲ ਚਲਣ ਵਾਲੇ ਕਿਸੇ ਵੀ ਰੋਬੋਟ ਜਾਂ ਕਿਸੇ ਮਸ਼ੀਨ ਵਿੱਚ ਗਲਤ ਡਾਟਾ ਭਰ ਦਿੱਤਾ ਜਾਂਦਾ ਹੈ ਤਾਂ ਉਸ ਨਾਲ ਵਰਤਣ ਵਾਲੇ ਦਾ ਜਾਂ ਸਮੂਹ ਭਾਈਚਾਰੇ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਜੇ ਡਾਟਾ ਸਹੀ ਹੈ ਤਾਂ ਮਸ਼ੀਨੀ ਬੁੱਧੀ ਦਾ ਫੈਸਲਾ ਵੀ ਸਹੀ ਹੋਵੇਗਾ ਕਿਉਂਕਿ ਉਹ ਵੱਡੇ ਡਾਟੇ ਦਾ ਵਿਸ਼ਲੇਸ਼ਣ ਕਰ ਸਕਦੀ ਹੈ ਅਤੇ ਉਸ ਦੇ ਫੈਸਲੇ ਵਿੱਚ ਭਾਵਨਾਵਾਂ ਦਾ ਕੋਈ ਦਖਲ ਨਹੀਂ ਹੋਵੇਗਾ। ਪਰ ਜਿੱਥੋਂ ਤੱਕ ਗਲਤ ਡਾਟੇ ਦਾ ਸਵਾਲ ਹੈ, ਇਹ ਗੱਲ ਤਾਂ ਮਨੁੱਖਾਂ ਨਾਲ ਵੀ ਵਾਪਰਦੀ ਹੈ ਕਿ ਜਦ ਮਨੁੱਖ ਗਲਤ ਮਾਹੌਲ ਵਿੱਚ ਪਲਦਾ ਹੈ, ਉਸ ਨੂੰ ਝੂਠੀਆਂ ਸੂਚਨਾਵਾਂ ਦਿੱਤੀਆਂ ਜਾਂਦੀਆਂ ਹਨ, ਉਸ ਦੇ ਮਨ ਵਿਚ ਕਿਸੇ ਵਿਅਕਤੀ, ਵਰਗ ਜਾਂ ਫਿਰਕੇ ਪ੍ਰਤੀ ਨਫਰਤ ਭਰੀ ਜਾਂਦੀ ਹੈ ਤਾਂ ਉਸਦੇ ਫੈਸਲੇ ਵੀ ਗਲਤ ਅਤੇ ਹਾਨੀਕਾਰਕ ਹੁੰਦੇ ਹਨ। ਸੋ ਗਲਤ ਜਾਣਕਾਰੀ ਤਾਂ ਭਾਂਵੇਂ ਮਨੁੱਖਾਂ ਵਿੱਚ ਭਰੀ ਜਾਵੇ ਅਤੇ ਚਾਹੇ ਕੰਪਿਊਟਰਾਂ ਵਿੱਚ ਉਸ ਨੇ ਨੁਕਸਾਨ ਕਰਨਾ ਹੀ ਹੈ ਪਰ ਏ.ਆਈ. ਨੇ ਉਨ੍ਹਾਂ ਮਸ਼ੀਨਾਂ ਨੂੰ ਕੰਟਰੋਲ ਕਰਨਾ ਹੈ ਜੋ ਮਨੁੱਖ ਨਾਲੋਂ ਕਿਤੇ ਵੱਧ ਤਾਕਤਵਰ ਹਨ ਜਿਸ ਕਰਕੇ ਏ.ਆਈ. ਵੱਲੋਂ ਗਲਤ ਫੈਸਲੇ ਲਏ ਜਾਣ ਨਾਲ ਹੋਣ ਵਾਲੀ ਤਬਾਹੀ ਦੇ ਖਤਰੇ ਵੱਡੇ ਹਨ।
ਇਕ ਹੋਰ ਖਤਰਾ ਜੋ ਅਕਸਰ ਪੇਸ਼ ਕੀਤਾ ਜਾਂਦਾ ਹੈ ਕਿ ਕੀ ਏ.ਆਈ. ਨਾਲ ਚੱਲਣ ਵਾਲੀਆਂ ਮਸ਼ੀਨਾਂ, ਖਾਸ ਕਰ ਰੋਬੋਟ ਵਗੈਰਾ, ਐਨੇ ਵਿਕਸਿਤ ਤਾਂ ਨਹੀਂ ਹੋ ਜਾਣਗੇ ਕਿ ਉਹ ਮਨੁੱਖ ਨੂੰ ਹੀ ਆਪਣੇ ਗੁਲਾਮ ਬਣਾ ਲੈਣ। ਇਸ ਬਾਰੇ ਵੈਸੇ ਤਾਂ ਮਾਹਿਰਾਂ ਦੀ ਰਾਏ ਅਲੱਗ ਅਲੱਗ ਹੈ ਪਰ ਅਜਿਹਾ ਵਾਪਰਨ ਦੀ ਸੰਭਾਵਨਾ ਘੱਟ ਹੀ ਜਾਪਦੀ ਹੈ ਕਿ ਉਹ ਮਨੁੱਖਾਂ ਦੇ ਹੁਕਮ ਮੰਨਣੇ ਛੱਡ ਕੇ ਉਹਨਾਂ ਨੂੰ ਆਪਣੇ ਗੁਲਾਮ ਬਣਾ ਲੈਣਗੇ। ਕਿਉਂਕਿ ਏ.ਆਈ. ਨੂੰ ਜੋ ਮੂਲ ਹਦਾਇਤਾਂ ਜਾਂ ਡਾਟਾ ਦੇਣਾ ਹੈ ਉਹ ਤਾਂ ਮਨੁੱਖ ਪਾਸੋਂ ਹੀ ਆਉਣਾ ਹੈ। ਅਸਲ ਮਸਲਾ ਮਨੁੱਖ ਦੀ ਸੋਚ ਨੂੰ ਸਹੀ ਰੱਖਣ ਦਾ ਹੈ। ਮਨੁੱਖਾਂ ਨੂੰ ਏ.ਆਈ. ਦੁਆਰਾ ਕੰਟਰੋਲ ਕੀਤੇ ਜਾਣ ਨਾਲੋਂ ਇਸ ਵਕਤ ਸਾਹਮਣੇ ਆ ਰਿਹਾ ਮੁੱਦਾ ਏ.ਆਈ. ਵੱਲੋਂ ਮਨੁੱਖਾਂ ਦੀ ਸੋਚ ਨੂੰ ਵੱਡੀ ਪੱਧਰ ਉੱਤੇ ਪ੍ਰਭਾਵਿਤ ਕਰਨ ਦਾ ਹੈ। ਤਕਨੀਕ ਉੱਤੇ ਕਾਬਜ ਤਾਕਤਾਂ ਵੱਲੋਂ ਹੁਣ ਵੀ ਸੋਸ਼ਲ ਮੀਡੀਆ ਰਾਹੀਂ ਲੋਕਾਂ ਦੀ ਸੋਚ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਦੇ ਸੁਹਜ ਸੁਆਦਾਂ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਦੇ ਜੀਵਨ ਢੰਗ ਨੂੰ ਬਦਲਿਆ ਜਾ ਰਿਹਾ ਹੈ, ਉਹਨਾਂ ਨੂੰ ਗਲਤ ਕੰਮਾਂ ਲਈ ਪ੍ਰੇਰਿਆ ਜਾ ਰਿਹਾ ਹੈ। ਏ. ਆਈ. ਦੀ ਵਰਤੋਂ ਨਾਲ ਇਹ ਵਰਤਾਰਾ ਹੋਰ ਵਧਣਾ ਹੈ ਕਿਉਂਕਿ ਇਸ ਨਾਲ ਜਾਅਲੀ ਫੋਟੋਆਂ, ਜਾਅਲੀ ਵੀਡੀਓ ਇਸ ਤਰ੍ਹਾਂ ਦੀਆਂ ਬਣਾਈਆਂ ਜਾ ਸਕਦੀਆਂ ਹਨ ਕਿ ਸੂਝਵਾਨ ਆਦਮੀ ਵੀ ਅਸਲ ਅਤੇ ਨਕਲ, ਗਲਤ ਅਤੇ ਠੀਕ ਵਿੱਚ ਫਰਕ ਕਰਨ ਤੋਂ ਅਸਮਰਥ ਹੋ ਜਾਂਦਾ ਹੈ। ਏ. ਆਈ. ਦਾ ਇੱਕ ਹੋਰ ਮਾੜਾ ਪ੍ਰਭਾਵ ਇਹ ਗਿਣਿਆ ਜਾਂਦਾ ਹੈ ਕਿ ਇਸ ਨਾਲ ਦਿਮਾਗੀ ਕੰਮ ਕਰਨ ਵਾਲਿਆਂ ਦੇ ਵੀ ਬਹੁਤ ਸਾਰੇ ਕਿੱਤੇ ਖਤਮ ਹੋ ਜਾਣਗੇ ਅਤੇ ਬੇਰੁਜ਼ਗਾਰੀ ਵਧ ਜਾਵੇਗੀ।
ਅਸਲ ਵਿੱਚ ਹਰ ਨਵੀਂ ਤਕਨੀਕ ਦੇ ਚੰਗੇ ਅਤੇ ਮਾੜੇ ਅਸਰ ਹੁੰਦੇ ਹਨ। ਜੇ ਵਿਗਿਆਨ ਦੀ ਇਸ ਨਵੀਂ ਤਕਨੀਕ ਨੂੰ ਮਨੁੱਖਤਾ ਦੇ ਭਲੇ ਲਈ ਵਰਤਿਆ ਜਾਵੇ ਤਾਂ ਇਹ ਸਮਾਜ ਦੇ ਬਹੁਤ ਸਾਰੇ ਮਸਲੇ ਹੱਲ ਕਰਨ ਦੇ ਸਮਰੱਥ ਹੈ। ਪਰ ਜੇ ਇਸ ਤਕਨੀਕ ਨੂੰ ਗਲਤ ਪਾਸੇ ਵਰਤਿਆ ਜਾਂਦਾ ਹੈ ਤਾਂ ਇਸ ਨਾਲ ਸਮਾਜ ਦੇ ਵੱਡੇ ਨੁਕਸਾਨ ਹੋ ਸਕਦੇ ਹਨ। ਵਿਗਿਆਨ ਦੀਆਂ ਹੋਰ ਖੋਜਾਂ ਅਤੇ ਕਾਢਾਂ ਵਾਂਗ ਇਸ ਤੋਂ ਵੀ ਡਰਨ ਦੀ ਬਜਾਏ ਲੋੜ ਇਸਦੀ ਦੁਰਵਰਤੋਂ ਦੀਆਂ ਸੰਭਾਵਨਾਵਾਂ ਨੂੰ ਖਤਮ ਕਰਕੇ, ਇਸ ਨੂੰ ਮਨੁੱਖਤਾ ਦੀ ਖੁਸ਼ਹਾਲੀ ਲਈ ਵਰਤਣ ਦੀ ਹੈ।